Punjabi - Number 93c
Elder Abuse Prevention Series - February 2022

# ਵਡੇਰੀ ਉਮਰ ਦੇ ਬਾਲਗਾਂ ਦੇ ਨਾਲ ਦੁਰਵਿਹਾਰ ਅਤੇ ਅਣਗਹਿਲੀ: ਲਿੰਗ ਸੰਬੰਧੀ ਫਰਕਾਂ ਨੂੰ ਸਮਝਣਾ

# Abuse and Neglect of Older Adults: Understanding Gender Differences

ਪਿਛਲੀ ਉਮਰ ਵਿੱਚ ਦੁਰਵਿਹਾਰ ਅਤੇ ਅਣਗਹਿਲੀ ਇੱਕ ਵਿਅਕਤੀ ਦੀ ਸਿਹਤ, ਖੁਸ਼ੀ ਅਤੇ ਸੁਰੱਖਿਆ ਨੂੰ ਪ੍ਰਭਾਵਤ ਕਰ ਸਕਦੇ ਹਨ। ਵਡੇਰੀ ਉਮਰ ਦੇ ਬਾਲਗ ਉਨ੍ਹਾਂ ਲੋਕਾਂ ਕੋਲੋਂ ਵੱਖ ਵੱਖ ਤਰ੍ਹਾਂ ਦੇ ਨੁਕਸਾਨ ਦਾ ਅਨੁਭਵ ਕਰ ਸਕਦੇ ਹਨ, ਜਿੰਨਾਂ ਤੇ ਉਹ ਨਿਰਭਰ ਕਰਦੇ ਜਾਂ ਵਿਸ਼ਵਾਸ ਕਰਦੇ ਹਨ।

ਵਡੇਰੀ ਉਮਰ ਦੇ ਬਾਲਗਾਂ ਦੇ ਨਾਲ ਦੁਰਵਿਹਾਰ ਘਰ ਵਿੱਚ, ਸਮਾਜ ਵਿੱਚ ਜਾਂ ਸੰਸਥਾਵਾਂ ਵਿੱਚ ਹੋ ਸਕਦਾ ਹੈ। ਇਹ ਕਈ ਰੂਪ ਲੈ ਸਕਦਾ ਹੈ ਜਿਸ ਵਿੱਚ ਸ਼ਾਮਲ ਹਨ, ਸਰੀਰਕ, ਭਾਵਾਤਮਕ, ਆਰਥਕ, ਲਿੰਗੀ, ਸਮਾਜਕ ਅਤੇ ਆਤਮਕ।ਦੁਰਵਿਹਾਰ ਅਤੇ ਅਣਗਹਿਲੀ ਵਿੱਚ ਦਵਾਈਆਂ ਜਾਂ ਜੀਵਨ ਦੀਆਂ ਜ਼ਰੂਰਤਾਂ ਤੇ ਰੋਕ ਸ਼ਾਮਲ ਹੋ ਸਕਦੀ ਹੈ।

ਆਦਮੀ ਅਤੇ ਔਰਤਾਂ ਦੋਵੇਂ ਹੀ ਦੁਰਵਿਹਾਰ ਜਾਂ ਅਣਗਹਿਲੀ ਕਰਨ ਵਾਲੇ ਹੋ ਸਕਦੇ ਹਨ। ਵਡੇਰੀ ਉਮਰ ਦੀਆਂ ਔਰਤਾਂ ਦੀ ਪਰਿਵਾਰਕ ਹਿੰਸਾ ਦਾ ਸ਼ਿਕਾਰ ਹੋਣ ਦੀ ਸੰਭਾਵਨਾ ਵਡੇਰੀ ਉਮਰ ਦੇ ਆਦਮੀਆਂ ਨਾਲੋਂ ਵੱਧ ਹੈ, ਕੁਝ ਹੱਦ ਤੱਕ ਇਸ ਕਰਕੇ ਕਿਉਂਕਿ ਉਹ ਆਮਤੌਰ ਤੇ ਜਿਆਦਾ ਦੇਰ ਜੀਉਂਦੀਆਂ ਹਨ।ਉਹ ਦੁਰਵਿਹਾਰ ਜਾਂ ਅਣਗਹਿਲੀ ਅਕਸਰ ਵਡੇਰੀ ਉਮਰ ਦੀ ਔਰਤ ਦੇ ਜੀਵਨ ਸਾਥੀ, ਪਾਰਟਨਰ ਜਾਂ ਬਾਲਗ ਬੱਚਿਆਂ ਵਲੋਂ ਹੁੰਦਾ ਹੈ। ਵਡੇਰੀ ਉਮਰ ਦੇ ਆਦਮੀ ਲਈ, ਦੁਰਵਿਹਾਰ ਜਾਂ ਅਣਗਹਿਲੀ ਦੀ ਸਭ ਤੋਂ ਵੱਧ ਸੰਭਾਵਨਾ ਉਸਦੇ ਬਾਲਗ ਬੱਚਿਆਂ ਜਾਂ ਨਜਦੀਕੀ ਦੋਸਤਾਂ ਵਲੋਂ ਹੁੰਦੀ ਹੈ।

ਹਾਲਾਂਕਿ ਵਡੇਰੀ ਉਮਰ ਦੇ ਬਾਲਗ ਅਜਨਬੀਆਂ ਕੋਲੋਂ ਨੁਕਸਾਨ ਦਾ ਅਨੁਭਵ ਕਰ ਸਕਦੇ ਹਨ, ਇਹ ਆਰਥਕ ਦੁਰਵਿਹਾਰ ਜਾਂ ਧੋਖੇ ਦੇ ਅਪਵਾਦ ਨਾਲੋਂ ਘੱਟ ਆਮ ਹੈ।

## ਦੁਰਵਿਹਾਰ ਕਦੋਂ ਸ਼ੁਰੂ ਹੋ ਸਕਦਾ ਹੈ?

ਔਰਤਾਂ ਦੀ ਉਨ੍ਹਾਂ ਦੀ ਛੋਟੀ ਉਮਰ ਵਿੱਚ ਦੁਰਵਿਹਾਰ ਦਾ ਅਨੁਭਵ ਕਰਨ ਦੀ ਸੰਭਾਵਨਾ ਆਦਮੀਆਂ ਨਾਲੋਂ ਜਿਆਦਾ ਹੁੰਦੀ ਹੈ,ਅਤੇ ਇਹ ਬਾਅਦ ਦੇ ਜੀਵਨ ਵਿੱਚ ਵੀ ਜਾਰੀ ਰਹਿ ਸਕਦਾ ਹੈ ।ਕਈ ਸਾਲਾਂ ਦੇ ਦੁਰਵਿਹਾਰ ਦੇ ਪ੍ਰਭਾਵ ਵਿਅਕਤੀ ਦੀ ਸਿਹਤ ਲਈ ਡਾਡੇ ਹੋ ਸਕਦੇ ਹਨ।

ਵਡੇਰੀ ਉਮਰ ਦੇ ਆਦਮੀਆਂ ਲਈ, ਦੁਰਵਿਹਾਰ ਜਾਂ ਅਣਗਹਿਲੀ ਦਾ ਉਨ੍ਹਾਂ ਦਾ ਪਹਿਲਾ ਅਨੁਭਵ ਬਾਅਦ ਦੇ ਜੀਵਨ ਵਿੱਚ ਵਾਪਰ ਸਕਦਾ ਹੈ। ਇਹ ਆਦਮੀ ਦੇ ਅਪਾਹਜ ਕਰਨ ਵਾਲੀ ਅਵਸਥਾ ਵਿਕਸਤ ਕਰਨ ਅਤੇ ਮਦਦ ਲਈ ਦੂਸਰਿਆਂ ਉੱਤੇ ਨਿਰਭਰ ਕਰਨ ਤੋਂ ਬਾਅਦ ਸ਼ੁਰੂ ਹੋ ਸਕਦਾ ਹੈ।

## ਔਰਤਾਂ ਅਤੇ ਆਦਮੀਆਂ ਵਿਚਕਾਰ ਦੁਰਵਿਹਾਰ ਦੇ ਅਨੁਭਵ ਵਿੱਚ ਕੀ ਫਰਕ ਹਨ?

ਦੁਰਵਿਹਾਰ ਵਡੇਰੀ ਉਮਰ ਦੀਆਂ ਔਰਤਾਂ ਅਤੇ ਵਡੇਰੀ ਉਮਰ ਦੇ ਆਦਮੀਆਂ ਦੋਨਾਂ ਨੂੰ ਹੀ ਨੁਕਸਾਨ ਪਹੁੰਚਾਉਂਦਾ ਹੈ। ਪਰ, ਹੋ ਸਕਦਾ ਹੈ ਕਿ ਉਹ ਵੱਖਰੇ ਜੋਖਮਾਂ ਦਾ ਸਾਮ੍ਹਣਾ ਕਰਨ ਅਤੇ ਉਨ੍ਹਾਂ ਤੇ ਵੱਖਰੇ ਤਰੀਕਿਆਂ ਨਾਲ ਪ੍ਰਭਾਵ ਪਵੇ।

- ਵਡੇਰੀ ਉਮਰ ਦੀਆਂ ਔਰਤਾਂ ਦੀ ਭਾਵਾਤਮਕ, ਸਰੀਰਕ ਜਾਂ ਲਿੰਗੀ ਦੁਰਵਿਹਾਰ ਦੇ ਇਤਿਹਾਸ ਦਾ ਅਨੁਭਵ ਕੀਤੇ ਹੋਣ ਦੀ ਸੰਭਾਵਨਾ ਵਡੇਰੀ ਉਮਰ ਦੇ ਆਦਮੀਆਂ ਨਾਲੋਂ ਵੱਧ ਹੈ
- ਵਡੇਰੀ ਉਮਰ ਦੀਆਂ ਔਰਤਾਂ ਕੋਲ ਵਡੇਰੀ ਉਮਰ ਦੇ ਆਦਮੀਆਂ ਨਾਲੋਂ ਘੱਟ ਵਿੱਤੀ ਵਸੀਲੇ ਹੋ ਸਕਦੇ ਹਨ, ਅਤੇ ਉਨ੍ਹਾਂ ਲਈ ਦੁਰਵਿਹਾਰ ਵਾਲਾ ਰਿਸ਼ਤਾ ਛੱਡਣਾ ਮੁਸ਼ਕਲ ਹੋ ਸਕਦਾ ਹੈ।ਇਸ ਤੋਂ ਇਲਾਵਾ, ਔਰਤਾਂ ਆਮਤੌਰ ਤੇ ਆਦਮੀਆਂ ਨਾਲੋਂ ਜਿਆਦਾ ਜਿਆਦਾ ਦੇਰ ਜੀਉਂਦੀਆਂ ਹਨ।ਜੇ ਇੱਕ ਔਰਤ ਵਿੱਤੀ ਦੁਰਵਿਹਾਰ ਰਾਹੀਂ ਆਮਦਨੀ ਜਾਂ ਸੰਪਤੀ ਗੁਆ ਦਿੰਦੀ ਹੈ, ਤਾਂ ਉਸ ਤੇ ਇਸਦਾ ਮਹੱਤਵਪੂਰਨ ਅਤੇ ਸਮੇਂ ਦੀ ਲੰਮੀ ਮਿਆਦ ਲਈ ਅਸਰ ਪਏਗਾ
- ਔਸਤਨ, ਇੱਕ ਔਰਤ ਇੱਕ ਆਦਮੀ ਨਾਲੋਂ ਛੋਟੀ ਹੁੰਦੀ ਹੈ, ਅਤੇ ਸੰਭਵ ਹੈ ਕਿ ਉਸ ਕੋਲ ਆਪਣੇ ਆਪ ਨੂੰ ਸਰੀਰਕ ਦੁਰਵਿਹਾਰ ਤੋਂ ਬਚਾਉਣ ਦੀ ਘੱਟ ਕਾਬਲੀਅਤ ਹੋਏ
- ਵਡੇਰੀ ਉਮਰ ਦੀਆਂ ਔਰਤਾਂ ਦੀ ਵਡੇਰੀ ਉਮਰ ਦੇ ਆਦਮੀਆਂ ਨਾਲੋਂ ਵਿਧਵਾ ਹੋਣ ਜਾਂ ਇਕੱਲੇ ਰਹਿਣ ਦੀ ਜਿਆਦਾ ਸੰਭਾਵਨਾ ਹੈ
- ਵਡੇਰੀ ਉਮਰ ਦੀਆਂ ਔਰਤਾਂ ਦੀ ਦੇਖਭਾਲ ਵਾਲੀਆਂ ਰਿਹਾਇਸ਼ੀ ਸਹੂਲਤਾਂ, ਜਿਥੇ ਸਟਾਫ, ਵਲੰਟੀਅਰਾਂ, ਜਾਂ ਪਰਿਵਾਰ ਵਲੋਂ ਦੁਰਵਿਹਾਰ ਵਾਪਰ ਸਕਦਾ ਹੈ, ਵਿੱਚ ਰਹਿਣ ਦੀ ਸੰਭਾਵਨਾ ਵਡੇਰੀ ਉਮਰ ਦੇ ਆਦਮੀਆਂ ਨਾਲੋਂ ਕਿਧਰੇ ਵੱਧ ਹੈ
- ਵਡੇਰੀ ਉਮਰ ਦੇ ਆਦਮੀਆਂ ਦੀ ਸਹਾਰਾ ਅਤੇ ਸੁਰੱਖਿਆ ਪ੍ਰਦਾਨ ਕਰਨ ਵਾਲਾ ਜਾਲ ਹੋਣ ਦੀ ਘੱਟ ਸੰਭਾਵਨਾ ਹੈ
- ਵਡੇਰੀ ਉਮਰ ਦੇ ਆਦਮੀ ਖਾਣਾ ਬਣਾਉਣ ਲਈ ਅਤੇ ਸਫਾਈ ਕਰਨ ਲਈ ਆਪਣੇ ਜੀਵਨ ਸਾਥੀ ਜਾਂ ਪਾਰਟਨਰ ਤੇ ਨਿਰਭਰ ਕਰਦੇ ਹਨ, ਅਤੇ ਲਿਹਾਜ਼ਾ ਉਨ੍ਹਾਂ ਲਈ ਦੁਰਵਿਹਾਰ ਵਾਲਾ ਰਿਸ਼ਤਾ ਛੱਡਣਾ ਮੁਸ਼ਕਲ ਹੋ ਸਕਦਾ ਹੈ
- ਵਡੇਰੀ ਉਮਰ ਦੇ ਆਦਮੀਆਂ ਦੀ ਨਿਯਮਿਤ ਆਮਦਨੀ ਜਿਵੇਂ ਕਿ ਪੈਨਸ਼ਨ ਹੋਣ ਦੀ ਜਿਆਦਾ ਸੰਭਾਵਨਾ ਹੈ ਅਤੇ ਇਸ ਕਰਕੇ ਉਨ੍ਹਾਂ ਨੂੰ ਧੋਖੇ ਦਾ ਜਿਆਦਾ ਜੋਖਮ ਹੋ ਸਕਦਾ ਹੈ
- ਕੁਝ ਰਿਸ਼ਤਿਆਂ ਵਿੱਚ, ਆਦਮੀ ਔਰਤ ਨਾਲੋਂ ਉਮਰ ਵਿੱਚ ਕਿਧਰੇ ਵੱਧ ਹੋ ਸਕਦਾ ਹੈ, ਅਤੇ ਲਿਹਾਜ਼ਾ ਜਿਆਦਾ ਕਮਜ਼ੋਰ

## ਔਰਤਾਂ ਅਤੇ ਆਦਮੀਆਂ ਵਿਚਕਾਰ ਦੁਰਵਿਹਾਰ ਦੇ ਅਨੁਭਵ ਦੀਆਂ ਕੀ ਸਮਾਨਤਾਵਾਂ ਹਨ?

ਦੁਰਵਿਹਾਰ ਅਤੇ ਅਣਗਹਿਲੀ ਵਡੇਰੀ ਉਮਰ ਦੇ ਬਾਲਗਾਂ ਨੂੰ ਭਾਵਾਤਮਕ ਅਤੇ ਸਰੀਰਕ ਤਰੀਕੇ ਨਾਲ ਪ੍ਰਭਾਵਤ ਕਰਦੇ ਹਨ। ਵਡੇਰੀ ਉਮਰ ਦੀਆਂ ਔਰਤਾਂ ਅਤੇ ਵਡੇਰੀ ਉਮਰ ਦੇ ਆਦਮੀ ਦੋਨੋਂ ਹੀ ਹੈਰਾਨ, ਸ਼ਰਮਿੰਦਾ, ਦੋਸ਼ੀ ਜਾਂ ਸ਼ਰਮਸਾਰ ਮਹਿਸੂਸ ਕਰ ਸਕਦੇ ਹਨ ਕਿ ਕੋਈ ਅਜਿਹਾ ਜਿਸ ਤੇ ਉਹ ਭਰੋਸਾ ਕਰਦੇ ਹਨ ਉਨ੍ਹਾਂ ਨੂੰ ਨੁਕਸਾਨ ਪਹੁੰਚਾ ਰਿਹਾ ਜਾਂ ਉਨ੍ਹਾਂ ਦਾ ਫਾਇਦਾ ਚੁੱਕ ਰਿਹਾ ਹੈ।

ਆਦਮੀ ਅਤੇ ਔਰਤਾਂ ਦੋਨੋਂ ਹੀ ਇਸ ਬਾਰੇ ਚਿੰਤਤ ਹੋ ਸਕਦੇ ਹਨ ਕਿ ਇਹ ਪਰਿਵਾਰ ਅਤੇ ਸਮਾਜ ਵਿੱਚ ਉਨ੍ਹਾਂ ਦੀਆਂ ਭੂਮਿਕਾਵਾਂ ਅਤੇ ਸੁਤੰਤਰ ਰਹਿਣ ਦੀ ਉਨ੍ਹਾਂ ਦੀ ਕਾਬਲੀਅਤ ਨੂੰ ਕਿਸ ਤਰ੍ਹਾਂ ਝਲਕਾਉਂਦਾ ਹੈ।

## ਦੁਰਵਿਹਾਰ ਦੀ ਰਿਪੋਰਟ ਕੀਤੀ ਜਾਣ ਵਾਲੀ ਸਭ ਤੋਂ ਆਮ ਕਿਸਮ ਕੀ ਹੈ?

ਆਰਥਕ ਦੁਰਵਿਹਾਰ ਵਡੇਰੀ ਉਮਰ ਦੇ ਬਾਲਗਾਂ ਦੁਆਰਾ ਸਾਮ੍ਹਣਾ ਕੀਤੇ ਜਾਣ ਵਾਲੀ ਦੁਰਵਿਹਾਰ ਦੀ ਰਿਪੋਰਟ ਕੀਤੀ ਜਾਣ ਵਾਲੀ ਸਭ ਤੋਂ ਆਮ ਕਿਸਮ ਹੈ। ਵਡੇਰੀ ਉਮਰ ਦੇ ਬਾਲਗ ਨੂੰ ਇਸ ਕਿਸਮ ਦੇ ਦੁਰਵਿਹਾਰ ਦਾ ਜੋਖਮ ਹੈ ਕਿਉਂਕਿ ਸੰਭਵ ਹੈ ਕਿ ਉਹ ਵਿੱਤੀ ਮਾਮਲਿਆਂ ਵਿੱਚ ਸਹਾਇਤਾ ਵਾਸਤੇ ਦੂਸਰਿਆਂ ਤੇ ਨਿਰਭਰ ਕਰ ਸਕਦੇ ਹਨ। ਇਸ ਤੋਂ ਇਲਾਵਾ, ਵਡੇਰੀ ਉਮਰ ਦੇ ਕੁਝ ਬਾਲਗਾਂ ਵਿੱਚ ਪੈਸਿਆਂ ਜਾਂ ਆਨਲਾਇਨ/ਏਟੀਐਮ ਬੈਂਕਿੰਗ ਦਾ ਘੱਟ ਤਜਰਬਾ ਹੋ ਸਕਦਾ ਹੈ।

## ਜੇ ਵਡੇਰੀ ਉਮਰ ਦੇ ਬਾਲਗਾਂ ਨਾਲ ਦੁਰਵਿਹਾਰ ਕੀਤਾ ਜਾ ਰਿਹਾ ਹੈ ਜਾਂ ਉਨ੍ਹਾਂ ਦੀ ਅਣਗਹਿਲੀ ਕੀਤੀ ਜਾ ਰਹੀ ਹੈ ਤਾਂ ਉਹ ਸਹਾਇਤਾ ਪ੍ਰਾਪਤ ਕਿਉਂ ਨਹੀਂ ਕਰਦੇ?

ਸੰਭਵ ਹੈ ਕਿ ਵਡੇਰੀ ਉਮਰ ਦੇ ਬਾਲਗਾਂ ਨੂੰ ਅਕਸਰ ਉਨ੍ਹਾਂ ਲਈ ਉਪਲਬਧ ਵਸੀਲਿਆਂ ਬਾਰੇ ਪਤਾ ਹੀ ਨਾ ਹੋਏ। ਕਈ ਵਡੇਰੀ ਉਮਰ ਦੇ ਬਾਲਗ ਮਹਿਸੂਸ ਕਰ ਸਕਦੇ ਹਨ ਕਿ ਉਨ੍ਹਾਂ ਨੂੰ ਆਪਣੇ ਜੀਵਨ ਸਾਥੀ ਜਾਂ ਬੱਚਿਆਂ ਦੀ ਸਹਾਇਤਾ ਅਤੇ ਰੱਖਿਆ ਕਰਨੀ ਚਾਹੀਦੀ ਹੈ, ਭਾਵੇਂ ਉਹ ਦੁਰਵਿਹਾਰ ਕਰਨ ਵਾਲੇ ਹੋਣ। ਸੰਭਵ ਹੈ ਕਿ ਵਡੇਰੀ ਉਮਰ ਦਾ ਬਾਲਗ ਨਤੀਜਿਆਂ ਜਾਂ ਆਪਣੇ ਆਪ ਤੇ ਹੋਣ ਵਾਲੇ ਪ੍ਰਭਾਵਾਂ ਬਾਰੇ ਨਾ ਸੋਚੇ।

ਜੀਵਨ ਸਾਥੀ ਦੁਆਰਾ ਕੀਤੇ ਜਾਣ ਵਾਲੇ ਦੁਰਵਿਹਾਰ ਵਿੱਚ, ਪਰਿਵਾਰ ਦੇ ਸਦੱਸ ਮਾਂ/ਪਿਓ ਨੂੰ ਕੋਈ ਕਾਰਵਾਈ ਕਰਨ ਤੋਂ ਰੋਕ ਸਕਦੇ ਹਨ। ਉਹ ਦੂਸਰੇ ਮਾਂ/ਪਿਓ ਦੀ ਰੱਖਿਆ ਕਰ ਸਕਦੇ ਹਨ ਜਾਂ ਸੰਭਵ ਹੈ ਕਿਸੇ ਇੱਕ ਦੀ ਹਿਮਾਇਤ ਨਾ ਕਰਨਾ ਚਾਹੁਣ।

ਵਡੇਰੀ ਉਮਰ ਦੀਆਂ ਕੁਝ ਔਰਤਾਂ ਅਤੇ ਆਦਮੀ ਰੋਜ਼ਮਰਾ ਦੇ ਜੀਵਨ ਨਾਲ ਮਦਦ ਲਈ ਦੂਸਰਿਆਂ ਤੇ ਨਿਰਭਰ ਕਰਦੇ ਹਨ, ਅਤੇ ਹੋ ਸਕਦਾ ਹੈ ਕਿ ਪ੍ਰਦਾਤਾ ਵਲੋਂ ਦੁਰਵਿਹਾਰ ਦਾ ਅਨੁਭਵ ਕਰਨ। ਇਹ ਵਡੇਰੀ ਉਮਰ ਦੇ ਬਾਲਗ ਦੇ ਇਸ ਫੈਸਲੇ ਤੇ ਮਹੱਤਵਪੂਰਨ ਪ੍ਰਭਾਵ ਪਾ ਸਕਦੇ ਹਨ ਕਿ ਕੀ ਉਹ ਸਥਿਤੀ ਛੱਡ ਸਕਦੇ ਹਨ ਜਾਂ ਨਹੀਂ ਅਤੇ ਸਹਾਇਤਾ ਕਿਵੇਂ ਮੰਗਣੀ ਹੈ।

ਇੱਕ ਵਡੇਰੀ ਉਮਰ ਦੇ ਬਜ਼ੁਰਗ ਦਾ ਸਮਾਜ, ਸਭਿਆਚਾਰ ਅਤੇ ਜੀਵਨ ਸੰਬੰਧੀ ਦ੍ਰਿਸ਼ਟੀਕੋਣ ਵੀ ਦੁਰਵਿਹਾਰ ਪ੍ਰਤੀ ਉਨ੍ਹਾਂ ਦੇ ਜਵਾਬ ਤੇ ਪ੍ਰਭਾਵ ਪਾ ਸਕਦਾ ਹੈ। ਬਹੁਤ ਸਾਰੇ ਸਭਿਆਚਾਰਾਂ ਵਿੱਚ, ਲੋਕ ਪਰਿਵਾਰਾਂ ਕੋਲੋਂ ਇਹ ਆਸ ਕਰਦੇ ਹਨ ਕਿ ਉਹ ਸਮੱਸਿਆਵਾਂ ਨੂੰ ਗੁਪਤ ਜਾਂ ਛੁਪਾ ਕੇ ਰੱਖਣ। ਵਡੇਰੀ ਉਮਰ ਦੇ ਆਵਾਸੀ ਸਹਾਇਤਾ ਮੰਗਣ ਵਿੱਚ ਭਾਸ਼ਾ ਸੰਬੰਧੀ ਰੁਕਾਵਟਾਂ ਦਾ ਸਾਮ੍ਹਣਾ ਕਰ ਸਕਦੇ ਹਨ। ਇਹ ਵੀ ਸੰਭਵ ਹੋ ਸਕਦਾ ਹੈ ਕਿ ਉਨ੍ਹਾਂ ਕੋਲ ਪੈਨਸ਼ਨ ਜਾਂ ਆਪਣੇ ਦੂਸਰੇ ਵਸੀਲੇ ਨਾ ਹੋਣ,ਅਤੇ ਉਨ੍ਹਾਂ ਕੋਲ ਬਹੁਤ ਘੱਟ ਪਰਿਵਾਰਕ ਸਹਾਰਾ ਹੋਏ।

ਜੇ ਤੁਸੀਂ ਵਡੇਰੀ ਉਮਰ ਦੇ ਕਿਸੇ ਵਿਅਕਤੀ ਦੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰ ਰਹੇ ਹੋ ਜਿਹੜਾ ਦੁਰਵਿਹਾਰ ਜਾਂ ਅਣਗਹਿਲੀ ਦਾ ਅਨੁਭਵ ਕਰਦਾ ਹੈ, ਤਾਂ ਸਥਿਤੀ ਨੂੰ ਅਤੇ ਉਹ ਵਿਅਕਤੀ ਕਿਵੇਂ ਮਹਿਸੂਸ ਕਰਦਾ ਹੈ ਸਮਝਣਾ ਮਹੱਤਵਪੂਰਨ ਹੈ। ਵਡੇਰੀ ਉਮਰ ਦੇ ਬਾਲਗਾਂ, ਪਰਿਵਾਰਾਂ ਜਾਂ ਵਿਵਿਧ ਸਭਿਆਚਾਰਾਂ ਬਾਰੇ ਆਪਣੀਆਂ ਕੋਈ ਵੀ ਉਪੱਦਰੀਆਂ ਜਾਂ ਧਾਰਨਾਵਾਂ ਬਾਰੇ ਸਚੇਤ ਰਹੋ। ਉਨ੍ਹਾਂ ਹਾਲਾਤਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ ਜਿਹੜੇ ਵਡੇਰੀ ਉਮਰ ਦੇ ਬਾਲਗਾਂ ਦੁਆਰਾ ਉਨ੍ਹਾਂ ਵਲੋਂ ਲੁੜੀਂਦੀ ਸਹਾਇਤਾ ਨਾ ਮੰਗਣ ਦਾ ਕਾਰਨ ਬਣਨ ਵਿੱਚ ਯੋਗਦਾਨ ਪਾ ਸਕਦੇ ਹਨ।

## ਜੇ ਮੈਂ ਕੋਈ ਜ਼ੁਰਮ ਜਾਂ ਹਾਨੀਕਾਰਕ ਸਥਿਤੀ ਦੇਖਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਸੀਨੀਅਰਜ਼ ਅਬਯੂਜ਼ ਐਂਡ ਇੰਨਫਰਮੇਸ਼ਨ ਲਾਇਨ (ਐਸ ਏ ਆਈ ਐਲ) (Seniors Abuse and Information Line (SAIL)) ਨੂੰ ਲੋਅਰ ਮੇਨਲੈਂਡ ਵਿੱਚ 604-437-1940 ਤੇ, ਜਾਂ 1-866-437-1940 ਤੇ ਟੋਲ ਫ੍ਰੀ ਫੋਨ ਕਰੋ।

ਜੇ ਤੁਸੀਂ ਵਡੇਰੀ ਉਮਰ ਦੇ ਬਾਲਗ ਵਿਅਕਤੀ ਨਾਲ ਕੋਈ ਜ਼ੁਰਮ ਜਾਂ ਹਾਨੀਕਾਰਕ ਸਥਿਤੀ ਵਾਪਰਦੀ ਹੋਈ ਦੇਖਦੇ ਹੋ, ਤਾਂ ਤੁਰੰਤ ਹੀ ਪੁਲਿਸ ਜਾਂ **9-1-1** ਨੂੰ ਫੋਨ ਕਰੋ। ਦਸੋ ਕਿ ਤੁਸੀਂ ਬਜ਼ੁਰਗਾਂ ਨਾਲ ਸੰਦਿਗਧ ਦੁਰਵਿਹਾਰ, ਅਣਗਹਿਲੀ ਜਾਂ ਸਵੈ-ਅਣਗਹਿਲੀ ਦੀ ਸਥਿਤੀ ਬਾਰੇ ਰਿਪੋਰਟ ਕਰਨਾ ਚਾਹੁੰਦੇ ਹੋ।

## ਹੋਰ ਜਾਣਕਾਰੀ ਲਈ

ਬਜ਼ੁਰਗਾਂ ਨਾਲ ਦੁਰਵਿਹਾਰ ਅਤੇ ਅਣਗਹਿਲੀ ਬਾਰੇ ਹੋਰ ਜਾਣਕਾਰੀ ਜਾਂ ਸਹਾਇਤਾ ਪ੍ਰਾਪਤ ਕਰਨ ਲਈ, ਫੋਨ ਕਰੋ ਜਾਂ ਹੇਠਾਂ ਦਿੱਤੀਆਂ ਸੇਵਾਵਾਂ ਕੋਲ ਜਾਓ:

- ਬੀ.ਸੀ ਸੈਂਟਰ ਫਾਰ ਐਲਡਰ ਐਡਵੋਕੇਸੀ ਐਂਡ ਸਪੋਰਟ ਦੁਆਰਾ ਮੇਜ਼ਬਾਨੀ ਕੀਤੀ ਜਾਣ ਵਾਲੀ ਸੀਨੀਅਰਜ਼ ਅਬਯੂਜ਼ ਐਂਡ ਇੰਨਫਰਮੇਸ਼ਨ ਲਾਇਨ (ਐਸ ਏ ਆਈ ਐਲ) (Seniors Abuse and Information Line (SAIL)) ਨੂੰ ਵੈਨਕੂਵਰ ਵਿੱਚ 604-437-1940 ਤੇ ਜਾਂ 1 866 437-1940 ਤੇ ਟੋਲ ਫ੍ਰੀ ਫੋਨ ਕਰੋ ਜਾਂ http://seniorsfirstbc.ca/ ਤੇ ਜਾਓ
- ਗੌਰਮਿੰਟ ਆਫ ਬੀਸੀ – ਪ੍ਰੋਟੈਕਸ਼ਨ ਫਰੌਮ ਐਲਡਰ ਅਬਯੂਜ਼ ਔਰ ਨਿਗਲੈਕਟ ਲਈ www.gov.bc.ca/elderabuse ਤੇ ਜਾਓ
- 604-660-4444 ਤੇ ਪਬਲਿਕ ਗਾਰਡੀਅਨ ਐਂਡ ਟਰਸਟੀ ਜਾਂ www.trustee.bc.ca ਤੇ ਜਾਓ
- 604-408-2172 ਜਾਂ 1-866 577-2525 ਤੇ ਟੋਲ ਫ੍ਰੀ ਤੇ ਲੀਗਲ ਏਡ ਬੀਸੀ ਜਾਂ https://legalaid.bc.ca/ ਤੇ ਜਾਓ
- ਬੀ.ਸੀ.ਵਿੱਚ 1-800-563-0808 ਤੇ ਵਿਕਟਿਮ ਲਿੰਕ ਟੋਲ ਫ੍ਰੀ ਜਾਂ ਪਰਿਵਾਰਕ ਅਤੇ ਲਿੰਗੀ ਹਿੰਸਾ ਜਾਂ ਜੁਰਮ ਦੇ ਸ਼ਿਕਾਰਾਂ ਵਾਸਤੇ ਜਾਣਕਾਰੀ ਲਈ www.victimlinkbc.ca ਤੇ ਜਾਓ

ਦੁਰਵਿਹਾਰ ਅਤੇ ਵਡੇਰੀ ਉਮਰ ਦੇ ਬਾਲਗਾਂ ਬਾਰੇ ਹੋਰ ਜਾਣਕਾਰੀ ਲਈ ਹੇਠਾਂ ਦਿੱਤੀਆਂ ਹੈਲਥਲਿੰਕ ਬੀਸੀ ਫਾਇਲਾਂ ਦੇਖੋ:

- HealthLinkBC File #93a ਵਡੇਰੀ ਉਮਰ ਦੇ ਬਜ਼ੁਰਗਾਂ ਦੇ ਨਾਲ ਦੁਰਵਿਹਾਰ ਅਤੇ ਅਣਗਹਿਲੀ ਨੂੰ ਰੋਕਣਾ
- HealthLinkBC File #93b ਵਡੇਰੀ ਉਮਰ ਦੇ ਬਜ਼ੁਰਗ ਵਿਅਕਤੀਆਂ ਨਾਲ ਦੁਰਵਿਹਾਰ ਅਤੇ ਅਣਗਹਿਲੀ:ਪਰਿਵਾਰਕ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ
- HealthLinkBC File #93d ਵਡੇਰੀ ਉਮਰ ਦੇ ਬਜ਼ੁਰਗਾਂ ਦੇ ਨਾਲ ਆਰਥਕ ਦੁਰਵਿਹਾਰ